ਸੰਪਾਦਕ ਦੀ ਕਲਮ 'ਚੋਂ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਆਪ ਨਾ ਹੋਤੇ ਤੋ ਹਮੇ ਕੌਣ ਪੂਛਤਾ...

ਮੈਗਜ਼ੀਨ ਸਟਾਰਟ ਕਰਨ ਤੋਂ ਪਹਿਲਾਂ ਹੀ ਮੈਂ ਆਪਣੇ ਦੋਸਤ ਰਣਧੀਰ ਸਿੰਘ ਕੰਗ ਨਾਲ ਜਸਵੰਤ ਸਿੰਘ ਕੰਵਲ ਕੋਲ ਉਨ੍ਹਾਂ ਦੇ ਪਿੰਡ ਢੁੱਡੀਕੇ ਗਿਆ। ਪਰ ਉਥੇ ਜਾਣ ਨਾਲ ਮੇਰਾ ਹੌਂਸਲਾ ਟੁੱਟ ਗਿਆ। ਜਦ ਜਸਵੰਤ ਸਿੰਘ ਕੰਵਲ ਦੇ ਕੋਲ ਗਿਆ ਸੀ ਤਾਂ ਮਨ ਵਿਚ ਖੁਸ਼ੀ ਸੀ ਪਰ ਜਦੋਂ ਵਾਪਸ ਆਇਆ ਤਾਂ ਮਨ ਉਦਾਸ ਹੋ ਗਿਆ ਸੀ। ਜਸਵੰਤ ਸਿੰਘ ਕੰਵਲ ਨੂੰ ਮਿਲ ਥੋੜ੍ਹੀ ਖੁਸ਼ੀ ਹੋਈ ਕਿਉਂਕਿ ਜੋ ਉਨ੍ਹਾਂ ਨੇ ਕੁਝ ਕੰਮ ਦੀਆਂ ਗੱਲਾਂ ਦੱਸੀਆਂ। ਜਦੋਂ ਅਸੀਂ ਉਨ੍ਹਾਂ ਕੋਲ ਮੈਗਜ਼ੀਨ ਸ਼ੁਰੂ ਕਰਨ ਦੀ ਇੱਛਾ ਪ੍ਰਗਟਾਈ ਤਾਂ ਉਨ੍ਹਾਂ ਨੇ ਆਖ ਦਿੱਤਾ ਕਿ ਮੈਗਜ਼ੀਨ ਚਲਾਉਣਾ ਤਲਵਾਰ ਦੀ ਧਾਰ ਤੇ ਚੱਲਣ ਦੇ ਬਰਾਬਰ ਹੈ। ਮੁੱਢਿਓ ਇਹ ਬਹੁਤ ਔਖਾ ਕੰਮ ਹੈ। ਅੱਜ ਉਨ੍ਹਾਂ ਦੀ ਗੱਲ ਠੀਕ ਜਾਪਦੀ ਹੈ। ਉਨ੍ਹਾਂ ਨੇ ਆਪਣੇ ਤਜ਼ਰਬੇ ਮੁਤਾਬਕ ਠੀਕ ਹੀ ਦੱਸਿਆ ਸੀ ਪਰ ਉਦੋਂ ਮੇਰਾ ਹੌਂਸਲਾ ਟੁੱਟ ਗਿਆ ਸੀ ਤੇ ਮੈਂ ਆਪਣੇ ਆਪ ਨੂੰ ਕੋਸਦਾ ਮਾਯੂਸ ਹੋ ਕੇ ਘਰ ਬੈਠ ਗਿਆ ਕਿ ਮੈਂ ਜਸਵੰਤ ਸਿੰਘ ਕੰਵਲ ਕੋਲ ਕਿਉਂ ਗਿਆ। ਦਿਲ 'ਚੋਂ ਉਬਾਲ ਉਠਦੇ ਸੀ ਕਿ ਆਪਣਾ ਮੈਗਜ਼ੀਨ ਸ਼ੁਰੂ ਕਰਾਂ ਪਰ ਕੰਵਲ ਜੀ ਦੀ ਕਹੀ ਗੱਲ ਸੋਚ ਕੇ ਚੁੱਪ ਕਰ ਜਾਂਦਾ ਇਸੇ ਤਰ੍ਹਾਂ ਕਈ ਮਹੀਨੇ ਬੀਤ ਗਏ।

ਇਕ ਦਿਨ ਮੇਰੇ ਦੋਸਤ ਮਨਦੀਪ ਸਿੰਘ ਦੁਸਾਂਝ ਨੇ ਮੈਨੂੰ ਕਿਹਾ ਕਿ ਚੱਲ ਲੋਹਾਰੇ ਚੱਲੀਏ ਮੇਲਾ ਵੇਖਣ। (ਲੋਹਾਰਾ ਮੋਗੇ ਤੋਂ 8 ਕਿਲੋਮੀਟਰ ਦੂਰ ਵਸਿਆ ਪਿੰਡ ਹੈ, ਜਿਥੇ ਫੱਕਰ ਬਾਬਾ ਦਾਮੂੰ ਸ਼ਾਹ ਜੀ ਦੀ ਜਗ੍ਹਾ ਤੇ ਬਹੁਤ ਭਾਰੀ ਮੇਲਾ ਲੱਗਦਾ ਹੈ)। ਇਥੇ ਹੀ ਇਕ ਬਹੁਤ ਵੱਡੇ ਮਹਾਂਪੁਰਸ਼ ਹੋਏ ਹਨ ਸੰਤ ਬਾਬਾ ਨੰਦ ਸਿੰਘ ਜੀ। ਦਾਸ ਦਾ ਬਚਪਨ ਉਨ੍ਹਾਂ ਦੇ ਚਰਨਾਂ ਵਿਚ ਹੀ ਬੀਤਿਆ ਹੈ। ਮੈਂ ਤੇ ਮੇਰਾ ਦੋਸਤ ਮਨਦੀਪ ਮੇਲਾ ਦੇਖਣ ਤੋਂ ਬਾਅਦ ਸ਼ਾਮ ਨੂੰ ਬਾਬਾ ਨੰਦ ਸਿੰਘ ਜੀ ਦੇ ਕੋਲ ਜਾ ਕੇ ਬੈਠ ਗਏ। ਉਥੇ ਸਾਡਾ ਦੋਸਤ ਜਸਵੀਰ ਸਿੰਘ ਲੋਹਾਰਾ ਤੇ ਪਿੰਡ ਦੇ ਕੁਝ ਹੋਰ ਬੰਦੇ ਵੀ ਮੌਜੂਦ ਸਨ। ਬਾਬਾ ਨੰਦ ਸਿੰਘ ਜੀ 'ਨਿਸ਼ਚੈ ਕਰ ਆਪਣੀ ਜੀਤ ਕਰੋ' ਦੇ ਸ਼ਬਦ ਤੇ ਵਿਆਖਿਆ ਕਰਨ ਲੱਗੇ। ਬਾਬਾ ਜੀ ਨੇ ਇਸ ਸ਼ਬਦ ਤੇ ਵਿਸਥਾਰਪੂਰਵਕ ਵਰਨਣ ਕੀਤਾ। ਮੈਨੂੰ ਉਨ੍ਹਾਂ ਦੀ ਵਿਆਖਿਆ ਵਿਚੋਂ ਮੁੱਖ ਰੂਪ ਵਿਚ ਇਹ ਗੱਲ ਸਮਝ ਆਈ ਕਿ ਜੇਕਰ ਨਿਸਚਾ ਪੱਕਾ ਹੋਵੇ ਇਰਾਦਾ ਪੱਕਾ ਹੋਵੇ ਤਾਂ ਜਿੱਤ ਜ਼ਰੂਰ ਹੁੰਦੀ ਹੈ। ਮੇਰੇ ਦਿਮਾਗ਼ ਵਿਚ ਉਸੇ ਟਾਈਮ ਫੇਰ ਮੈਗਜ਼ੀਨ ਸ਼ੁਰੂ ਕਰਨ ਦੀ ਇੱਛਾ ਪ੍ਰਗਟ ਹੋ ਗਈ। ਬਾਕੀ ਸੰਗਤ ਦੇ ਚਲੀ ਜਾਣ ਤੋਂ ਬਾਅਦ ਮੈਂ ਬਾਬਾ ਜੀ ਨੂੰ ਆਪਣੇ ਮਨ ਦੀ ਗੱਲ ਦੱਸੀ। ਬਾਬਾ ਜੀ ਮੁਸਕਰਾਉਂਦੇ ਹੋਏ ਕਹਿਣ ਲੱਗੇ, "ਅੱਛਾ, ਚੱਲੋ ਫੇਰ ਤਕੜੇ ਹੋ ਕੇ ਲੱਗੋ, ਮੁਸ਼ਕਲਾਂ ਬਹੁਤ ਆਉਣਗੀਆਂ, ਹਿੰਮਤ ਨਹੀਂ ਛੱਡਣੀ, ਫਿਰ ਤਾਂ ਲੋਕ ਮਗਰ-ਮਗਰ ਫਿਰਨਗੇ।" ਬਾਬਾ ਜੀ ਦੇ ਇਹ ਬਚਨ ਸੁਣ ਕੇ ਮੇਰੇ ਹੌਸਲੇ ਬੁਲੰਦ ਹੋ ਗਏ। ਮੈਂ ਮੈਗਜ਼ੀਨ ਸ਼ੁਰੂ ਕਨਰ ਦੀ ਤਿਆਰੀ ਕਰ ਦਿੱਤੀ। ਮੈਗਜ਼ੀਨ ਰਜਿਸਟਰਡ ਕਰਵਾਉਣ ਵਿਚ ਹੀ ਤਕਰੀਬਨ ਦੋ ਸਾਲ ਲੱਗ ਗਏ। ਜਦੋਂ ਮੈਗਜ਼ੀਨ ਦੀ ਪਹਿਲੀ ਕਾਪੀ ਰੀਲੀਜ਼ ਕੀਤੀ ਉਦੋਂ ਤੱਕ ਬਾਬਾ ਨੰਦ ਸਿੰਘ ਜੀ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਸਨ।

ਮੈਗਜ਼ੀਨ ਸ਼ੁਰੂ ਹੋ ਗਿਆ। ਪਹਿਲਾ ਅੰਕ ਕੱਢਣ ਤੋਂ ਬਾਅਦ ਮੈਂ ਆਪਣੇ ਮਨ ਦੀ ਇੱਛਾ ਅਨੁਸਾਰ ਦੂਸਰੀ ਮਹਾਨ ਸਖ਼ਸ਼ੀਅਤ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ ਕੋਲ ਗਿਆ। ਪਹਿਲਾਂ ਮੈਂ ਆਪਣੇ ਦੋਸਤ ਮਨਿੰਦਰ ਮੋਗਾ ਤੋਂ ਪਾਰਸ ਜੀ ਦੇ ਫ਼ੋਨ ਨੰਬਰ ਲੈ ਕੇ ਉਨ੍ਹਾਂ ਨੂੰ ਫ਼ੋਨ ਕੀਤਾ ਕਿ ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਪਾਰਸ ਜੀ ਨੇ ਕਿਹਾ ਕਿ ਕੱਲ ਸਵੇਰੇ 8 ਵਜੇ ਆ ਜਾਇਓ। ਮੈਂ ਅਗਲੇ ਦਿਨ ਆਪਣੇ ਦੋਸਤਾਂ ਦੇ ਨਾਲ ਠੀਕ 8 ਵਜੇ ਉਨ੍ਹਾਂ ਦੇ ਘਰ ਪਹੁੰਚ ਗਿਆ। ਅਸੀਂ ਜਾ ਕੇ ਪਾਰਸ ਜੀ ਬਾਰੇ ਪੁੱਛਿਆ ਤਾਂ ਉਨ੍ਹਾਂ ਦੇ ਬਾਰ ਵਿਚ ਖੜ੍ਹੇ ਇਕ ਮੁੰਡੇ ਨੇ ਦੱਸਿਆ ਕਿ ਉਹ ਤੁਹਾਨੂੰ ਹੀ ਉਡੀਕ ਰਹੇ ਹਨ। ਅਸੀਂ ਅੰਦਰ ਚਲੇ ਗਏ ਤੇ ਜਾ ਕੇ ਪਾਰਸ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਪਾਰਸ ਜੀ ਕਹਿਣ ਲੱਗੇ ਬਈ ਆ ਤਾ ਕਮਾਲ ਹੋ ਗਈ। ਤੁਹਾਨੂੰ 8 ਵਜੇ ਦਾ ਟਾਈਮ ਦਿੱਤਾ ਸੀ ਤੇ ਤੁਸੀਂ ਪੂਰੇ 8 ਵਜੇ ਇਥੇ ਪਹੁੰਚ ਗਏ। ਤੁਸੀਂ ਜ਼ਰੂਰ ਤਰੱਕੀ ਕਰੋਗੇ। ਪਾਰਸ ਜੀ ਆਪਣੇ ਜੀਵਨ ਦੀਆਂ ਗੱਲਾਂ ਸੁਣਾਉਣ ਲੱਗ ਪਏ ਤੇ ਉਨ੍ਹਾਂ ਨੇ ਦੱਸਿਆ ਕਿ ਉਹ ਕਿੰਨਾ ਲੰਮਾ ਸੰਘਰਸ਼ ਕਰਕੇ ਇਥੋਂ ਤੱਕ ਪਹੁੰਚੇ ਹਨ। ਉਹ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ ਸਾਡੇ ਨਾਲ ਆਪਣੇ ਤਜ਼ਰਬੇ ਸਾਂਝੇ ਕਰਦੇ ਰਹੇ। ਅਸੀਂ ਉਨ੍ਹਾਂ ਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋਏ। ਮੇਰੇ ਮਨ ਦੀ ਇੱਛਾ ਪੂਰੀ ਹੋਈ। ਪਾਰਸ ਜੀ ਨੂੰ ਮਿਲ ਕੇ ਬਹੁਤ ਚੰਗਾ ਲੱਗਾ। ਉਨ੍ਹਾਂ ਨੇ ਬਹੁਤ ਹੀ ਹੌਂਸਲਾ ਤੇ ਹਿੰਮਤ ਦਿੱਤੀ। ਉਨ੍ਹਾਂ ਦੇ ਦਿੱਤੇ ਹੌਂਸਲੇ ਤੇ ਹਿੰਮਤ ਕਾਰਨ ਸਾਨੂੰ ਮੈਗਜ਼ੀਨ ਚਲਾਉਣ ਵਿਚ ਬਹੁਤ ਉਤਸ਼ਾਹ ਮਿਲਿਆ।

ਹੁਣ ਵਾਰੀ ਸੀ ਉਸ ਤੀਸਰੀ ਮਹਾਨ ਸਖ਼ਸ਼ੀਅਤ ਢਾਡੀ ਗੁਰਬਖ਼ਸ਼ ਸਿੰਘ ਅਲਬੇਲਾ ਜੀ ਨੂੰ ਮਿਲਣ ਦੀ। ਉਨ੍ਹਾਂ ਦੀਆਂ ਕੈਸਿਟਾਂ ਤਾਂ ਮੈਂ ਬਹੁਤ ਸੁਣੀਆਂ ਸਨ ਪਰ ਉਨ੍ਹਾਂ ਨਾਲ ਰੂ-ਬ-ਰੂ ਹੋਣ ਦਾ ਮੌਕਾ ਨਹੀਂ ਸੀ ਮਿਲ ਰਿਹਾ। ਅਸੀਂ ਆਪਣੇ ਮੈਗਜ਼ੀਨ ਦੇ ਚਾਰ ਅੰਕ ਕੱਢ ਚੁੱਕੇ ਸਾਂ। ਇਸੇ ਦੌਰਾਨ ਪੱਤਰਕਾਰ ਜਗਦੇਵ ਬਰਾੜ ਨਾਲ ਮੁਲਾਕਾਤ ਹੋ ਗਈ। ਉਹ ਅਲਬੇਲਾ ਜੀ ਕੋਲ ਜਾਂਦਾ-ਆਉਂਦਾ ਰਹਿੰਦਾ ਸੀ। ਮੈਂ ਜਗਦੇਵ ਨੂੰ ਅਲਬੇਲਾ ਜੀ ਦੀ ਇੰਟਰਵਿਊ ਲਈ ਉਨ੍ਹਾਂ ਨੂੰ ਮਿਲਣ ਦਾ ਪ੍ਰੋਗਰਾਮ ਬਣਾਉਣ ਲਈ ਕਿਹਾ। ਅਸੀਂ ਅਲਬੇਲਾ ਜੀ ਤੋਂ ਅਗਲੇ ਦਿਨ ਦਾ ਟਾਈਮ ਲੈ ਲਿਆ। ਅਲਬੇਲਾ ਜੀ ਕੋਲ ਜਾਣ ਤੋਂ ਪਹਿਲਾਂ ਸਾਨੂੰ ਕਈਆਂ ਨੇ ਕਿਹਾ ਉਹ ਬੜੇ ਅਜ਼ਬ ਸੁਭਾਅ ਦੇ ਹਨ। ਮੈਂ ਸੋਚਿਆ ਕਿ 'ਜਦ ਉਖਲੀ ਵਿਚ ਸਿਰ ਦੇ ਹੀ ਦਿੱਤਾ ਹੈ ਫੇਰ ਮੋਲੀਆ ਦਾ ਕੀ ਡਰ' ਜਿਸ ਸਖ਼ਸ਼ੀਅਤ ਨੂੰ ਮਿਲਣ ਦੀ ਤਮੰਨਾ ਹੈ ਉਸ ਨੂੰ ਜ਼ਰੂਰ ਮਿਲਾਂਗੇ। ਚਾਹੇ ਉਹ ਕਿਹੋ ਜਿਹੇ ਵੀ ਹੋਣ।

ਪਰ ਜਦੋਂ ਅਲਬੇਲਾ ਜੀ ਨੂੰ ਮਿਲੇ ਗੱਲ ਹੀ ਕੁਝ ਹੋਰ ਬਣ ਗਈ। ਉਹ ਕੌੜੀ ਕੁਨੈਣ ਸਾਡੇ ਇੰਨੀ ਰਾਸ ਆਈ ਕਿ ਉਸ ਨੇ ਸਾਡੀਆਂ ਸਾਰੀਆਂ ਬੀਮਾਰੀਆਂ ਚੁੱਕ ਦਿੱਤੀਆਂ। ਫੇਰ ਤਾਂ... ਪਿਛੇ ਮੁੜ ਕੇ ਦੇਖਣ ਦੀ ਲੋੜ ਨਹੀਂ ਪਈ। ਕੀ ਕੁਝ ਖੱਟਿਆ ਉਨ੍ਹਾਂ ਦੀ ਸੰਗਤ ਵਿਚੋਂ? ਇਹ ਅੱਖਰਾਂ ਵਿਚ ਬਿਆਨ ਨਹੀਂ ਹੋ ਸਕਦਾ। ਉਹ ਸੁਭਾਗਾ ਸਮਾਂ ਸੀ ਜਦ ਮੈਂ ਅਲਬੇਲਾ ਜੀ ਨੂੰ ਮਿਲਿਆ। ਧੰਨਵਾਦ ਕਰਦਾ ਹਾਂ ਉਸ ਸਖ਼ਸ਼ੀਅਤ ਦਾ ਜਿਸ ਨੇ ਮੈਨੂੰ ਅਲਬੇਲਾ ਜੀ ਨਾਲ ਮਿਲਾਇਆ। ਮੈਂ ਅਲਬੇਲਾ ਜੀ ਦੀ ਸਖ਼ਸ਼ੀਅਤ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਮੈਂ ਉਨ੍ਹਾਂ ਨੂੰ ਆਪਣਾ ਗੁਰੂ ਧਾਰਨ ਕਰਨ ਲਈ ਬੇਵੱਸ ਹੋ ਗਿਆ।

ਅਲਬੇਲਾ ਜੀ ਦੀ ਸੰਗਤ ਨੇ ਦੁਨੀਆਂ ਵਿਚ ਆਪਣੀ ਪਹਿਚਾਣ ਬਣਾਉਣੀ ਸਿਖਾਈ। ਉਨ੍ਹਾਂ ਦੀ ਬਦੌਲਤ ਹੀ ਮੈਂ ਆਪਣੇ ਜਜ਼ਬਾਤ, ਆਪਣੀਆਂ ਰਚਨਾਵਾਂ, ਆਪਣੀ ਲੇਖਣੀ ਲੋਕਾਂ ਤੱਕ ਪਹੁੰਚਾਉਣ ਦੇ ਕਾਬਿਲ ਹੋਇਆ ਹਾਂ। ਧਰਮ, ਸੱਭਿਆਚਾਰ, ਰਾਜਨੀਤੀ ਆਦਿ ਉਹ ਕਿਹੜਾ ਵਿਸ਼ਾ ਹੈ ਜਿਸ ਬਾਰੇ ਅਲਬੇਲਾ ਜੀ ਨੇ ਸਾਨੂੰ ਜਾਣੂੰ ਨਹੀਂ ਕਰਵਾਇਆ। ਅਲਬੇਲਾ ਜੀ ਤੋਂ ਏਨੀ ਤਾਲੀਮ ਹਾਸਲ ਕਰਨ ਤੋਂ ਬਾਅਦ ਮਨ ਵਿਚ ਵਾਰ-ਵਾਰ ਵਿਚਾਰ ਉਠਦਾ ਹੈ ਕਿ ਏਨੀ ਮਹਾਨ ਸਖ਼ਸ਼ੀਅਤ ਬਾਰੇ ਜ਼ਰੂਰ ਕਿਤਾਬ ਛਾਪੀ ਜਾਵੇ। ਜੋ ਵਿਅਕਤੀ ਕਲਾ ਦੇ ਏਨਾ ਵੱਡੇ ਗੱਫੇ ਵੰਡ ਰਿਹਾ ਹੈ। ਜਿਸ ਨੇ ਪਤਾ ਨਹੀਂ ਕਿੰਨੇ ਗਾਇਕ, ਗੀਤਕਾਰ, ਸੰਗੀਤਕਾਰ ਤੇ ਸਾਹਿਤਕਾਰ ਪੈਦਾ ਕੀਤੇ ਹਨ। ਕਿਉਂਕਿ ਉਨ੍ਹਾਂ ਦੇ ਜੀਵਨ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਜਾਵੇ। ਤਕਰੀਬਨ 15-20 ਦਿਨ ਪਹਿਲਾਂ ਮੈਂ ਤੇ ਪੱਤਰਕਾਰ ਸਾਧੂ ਸਿੰਘ ਧੰਮੂ ਅਸੀਂ ਅਲਬੇਲਾ ਜੀ ਕੋਲ ਆਏ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਪੁਸਤਕ ਦੇ ਖਰੜੇ ਤਿਆਰ ਹੀ ਹਨ। ਮੈਨੂੰ ਥੋੜ੍ਹਾ ਠੀਕ ਹੋ ਜਾਣ ਦੇ ਫਿਰ ਪੁਸਤਕਾਂ ਦੀ ਪ੍ਰਕਾਸ਼ਨ ਸ਼ੁਰੂ ਕਰਦੇ ਹਾਂ ਪਰ ਹੋਣੀ ਨੂੰ ਸ਼ਾਇਦ ਇਹ ਮਨਜ਼ੂਰ ਨਹੀਂ ਸੀ। ਪ੍ਰਮਾਤਮਾ ਨੇ ਸਾਨੂੰ ਇਹ ਵਕਤ ਦਿੱਤਾ ਹੀ ਨਹੀਂ ਕਿ ਅਸੀਂ ਅਲਬੇਲਾ ਜੀ ਦੀਆਂ ਪ੍ਰਾਪਤੀਆਂ, ਉਨ੍ਹਾਂ ਦਾ ਜੀਵਨ, ਉਨ੍ਹਾਂ ਦਾ ਲਿਖਿਆ ਸਾਹਿਤ ਪਾਠਕਾਂ ਸਾਹਮਣੇ ਪੇਸ਼ ਕਰ ਸਕੀਏ।

ਪਰ ਅਲਬੇਲਾ ਜੀ ਸਾਨੂੰ ਜੋ ਕੁਝ ਦੇ ਗਏ ਹਨ ਉਸ ਦਾ ਕਰਜ ਤਾਂ ਅਸੀਂ ਸਾਰੀ ਉਮਰ ਨਹੀਂ ਉਤਾਰ ਸਕਦੇ। ਉਸ ਮਹਾਨ ਸਖ਼ਸ਼ੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਇਹੀ ਆਖ ਸਕਦੇ ਹਾਂ ਇਕ ਕਿ 'ਆਪ ਨਾ ਹੋਤੇ ਤੋ ਹਮੇ ਕੌਣ ਪੂਛਤਾ'।

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 1 | Edition 11 | Issue Date 20-1-2016

'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਰਪ੍ਰਸਤ, ਸਿੱਖ ਕੌਮ ਦੇ ਮਹਾਨ ਪ੍ਰਚਾਰਕ, ਢਾਡੀ ਗੁਰਬਖਸ਼ ਸਿੰਘ ਅਲਬੇਲਾ ਜੀ ਦੇ ਸ਼ਰਧਾਂਜਲੀ ਸਮਾਗਮ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇਸ ਮਹਾਨ ਸ਼ਖ਼ਸ਼ੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ!



ਢਾਡੀ ਗੁਰਬਖ਼ਸ਼ ਸਿੰਘ ਅਲਬੇਲਾ

## ਮੁੱਖ ਸੰਪਾਦਕ ਅਤੇ ਸਮੂਹ ਸਟਾਫ਼
## ਅਦਾਰਾ 'ਮਹਿਕ ਵਤਨ ਦੀ ਲਾਈਵ'

# 'ਮਹਿਕ ਵਤਨ ਦੀ ਲਾਈਵ' ਲਈ ਪੱਤਰਕਾਰਾਂ ਦੀ ਜ਼ਰੂਰਤ

'ਮਹਿਕ ਵਤਨ ਦੀ ਲਾਈਵ' ਮਾਸਿਕ ਅੰਤਰ-ਰਾਸ਼ਟਰੀ ਪੰਜਾਬੀ ਪੇਪਰ ਹੈ ਜੋ ਪ੍ਰਿੰਟ ਹੋਣ ਦੇ ਨਾਲ-ਨਾਲ ਇੰਟਰਨੈਟ ਤੇ ਸਾਰੀ ਦੁਨੀਆਂ ਵਿੱਚ ਪੜ੍ਹਿਆ ਜਾਂਦਾ ਹੈ। ਇਹ ਪੇਪਰ ਜਲੰਧਰ ਤੋਂ ਪ੍ਰਿੰਟ ਹੁੰਦਾ ਹੈ ਅਤੇ ਮੋਗਾ 'ਪੰਜਾਬ' ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਿਚਲਾ ਸਾਰਾ ਮੈਟਰ ਵੱਖ-ਵੱਖ ਪਹਿਲੂਆਂ ਦੇ ਅਧਾਰਿਤ ਹੈ। ਇਸ ਵਿਚ ਲੋਕਲ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਬਰਾਂ ਤੋਂ ਇਲਾਵਾ ਧਰਮ ਤੇ ਵਿਰਸਾ, ਪੰਜਾਬੀ ਵਿਰਸਾ, ਕੌਮਾਂਤਰੀ ਮੰਚ, ਖਬਰਨਾਮਾ, ਫ਼ਿਲਮ ਐਂਡ ਸੰਗੀਤ, ਸਿਆਸੀ ਸੱਥ, ਘਰ-ਪਰਿਵਾਰ, ਖੇਡ ਜਗਤ, ਬੱਚਿਆਂ ਦੀ ਦੁਨੀਆਂ, ਪੰਜਾਬੀ ਸਾਹਿਤ ਆਦਿ ਮੁੱਖ ਕਾਲਮ ਹਨ।

'ਮਹਿਕ ਵਤਨ ਦੀ ਲਾਈਵ' ਦੀ ਨਵੀਂ ਪ੍ਰਕਾਸ਼ਨਾਂ ਲਈ ਹਰ ਸਹਿਰ ਤੋਂ ਪੱਤਰਕਾਰਾਂ ਦੀ ਅਤੇ ਹਰ ਜ਼ਿਲ੍ਹੇ ਤੋਂ ਜ਼ਿਲ੍ਹਾ ਇਚਾਰਜ ਦੀ ਅਤੇ ਬਾਹਰਲੇ ਪ੍ਰਾਂਤਾਂ (ਸਟੇਟ) ਤੋਂ ਸਟੇਟ ਇਚਾਰਜ ਦੀ ਜ਼ਰੂਰਤ ਹੈ। ਜੇਕਰ ਤੁਸੀਂ ਪੱਤਰਕਾਰੀ ਦੇ ਖੇਤਰ ਵਿਚ 'ਮਹਿਕ ਵਤਨ ਦੀ ਲਾਈਵ' ਅਦਾਰੇ ਦੇ ਨਾਲ ਜੁੜਨਾ ਚਾਹੁੰਦੇ ਹੋ ਤਾਂ ਆਪ ਜੀ ਦਾ ਹਾਰਦਿਕ ਸਵਾਗਤ ਕਰਦੇ ਹਾਂ। ਪੱਤਰਕਾਰੀ ਲੈਣ ਲਈ ਆਪਣਾ ਬਾਇਓਡਾਟਾ ਉਪਰੋਕਤ ਦਿੱਤੇ ਪਤੇ ਤੇ ਭੇਜ ਸਕਦੇ ਹੋ। 'ਮਹਿਕ ਵਤਨ ਦੀ ਲਾਈਵ' ਪੇਪਰ ਦੀ ਪੱਤਰਕਾਰੀ ਲਈ ਅਤੇ 'ਮਹਿਕ ਵਤਨ ਦੀ' ਗਰੁੱਪ ਦੀ ਮੈਂਬਰਸ਼ਿਪ ਲੈਣ ਬਾਰੇ ਪੂਰੀ ਡਿਟੇਲ (ਪ੍ਰਾਸਪੈਕਟ) ਮੰਗਵਾਉਣ ਲਈ 'ਮਹਿਕ ਵਤਨ ਦੀ' ਦੇ ਨਾਮ ਤੇ 500/- ਰੁਪਏ ਦਾ ਚੈਕ, ਡ੍ਰਾਫਟ ਜਾਂ ਮਨੀਆਰਡਰ ਭੇਜੋ। ਤੁਸੀਂ ਡਿਟੇਲ (ਪ੍ਰਾਸਪੈਕਟ) ਮੰਗਵਾਉਣ ਲਈ ਆਪਣੀ ਰਕਮ ਕਾਰਪੋਰੇਸ਼ਨ ਬੈਂਕ ਦੀ ਕਿਸੇ ਵੀ ਬ੍ਰਾਂਚ ਵਿੱਚ 'ਮਹਿਕ ਵਤਨ ਦੀ' ਦੇ ਨਾਮ ਤੇ A.C. No. CA – 066400201000066 / MEHAK WATTAN DI ਵਿੱਚ ਵੀ ਜਮ੍ਹਾ ਕਰਵਾ ਸਕਦੇ ਹੋ। ਅਕਾਊਂਟ ਵਿੱਚ ਰਕਮ ਜਮ੍ਹਾ ਕਰਵਾਉਣ ਉਪਰੰਤ ਸਾਨੂੰ ਦੱਸੋ। ਤੁਹਾਡੀ ਐਂਟਰੀ ਹੋਣ ਉਪਰੰਤ ਤੁਹਾਨੂੰ 'ਮਹਿਕ ਵਤਨ ਦੀ' ਵੱਲੋਂ ਰਕਮ ਪ੍ਰਾਪਤੀ ਦੀ ਰਸੀਦ ਅਤੇ ਡਿਟੇਲ (ਪ੍ਰਾਸਪੈਕਟ) ਭੇਜ ਦਿੱਤਾ ਜਾਵੇਗਾ।

ਲੇਖਕ ਭੈਣ ਭਰਾ ਆਪਣੀਆਂ ਰਚਨਾਵਾਂ 'ਮਹਿਕ ਵਤਨ ਦੀ ਲਾਈਵ' ਵਾਸਤੇ ਭੇਜ ਸਕਦੇ ਹਨ। ਪੇਪਰ ਲਗਵਾਉਣ ਲਈ ਚੰਦਾ 200/- ਸਲਾਨਾ ਦੇ ਹਿਸਾਬ ਨਾਲ ਭੇਜਿਆ ਜਾ ਸਕਦਾ ਹੈ। ਚੰਦਾ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ ਭੇਜਿਆ ਜਾ ਸਕਦਾ ਹੈ ਜਾਂ ਆਪਣਾ ਚੰਦਾ ਕਾਰਪੋਰੇਸ਼ਨ ਬੈਂਕ ਦੀ ਕਿਸੇ ਵੀ ਬ੍ਰਾਂਚ ਵਿੱਚ 'ਮਹਿਕ ਵਤਨ ਦੀ' ਦੇ ਨਾਮ ਤੇ A.C. No. CA – 066400201000066 / MEHAK WATTAN DI ਵਿੱਚ ਵੀ ਜਮ੍ਹਾ ਕਰਵਾ ਸਕਦੇ ਹੋ। ਅਕਾਊਂਟ ਵਿੱਚ ਚੰਦਾ ਜਮ੍ਹਾਂ ਕਰਵਾ ਕੇ ਫੋਨ, ਵਟਸਐਪ ਜਾ ਈ-ਮੇਲ ਰਾਹੀਂ ਸਾਨੂੰ ਸੂਚਿਤ ਕਰੋ। ਤੁਹਾਡੇ ਚੰਦੇ ਦੀ ਐਂਟਰੀ ਹੋਣ ਉਪਰੰਤ ਤੁਹਾਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਆਉਣਾ ਸ਼ੁਰੂ ਹੋ ਜਾਵੇਗਾ।

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ
ਰਜਿ. ਆਫਿਸ: 1195, ਅਜੀਤ ਨਗਰ ਮੋਗਾ- 142 001 (ਪੰਜਾਬ) ਭਾਰਤ
ਈ-ਮੇਲ: mehakwattandi@rediffmail.com
Help Line: (+91) 9988 92 9988

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਐਡਰੈਸ ਕੀਤਾ ਲਿਫ਼ਾਫ਼ਾ ਨਾਲ ਹੋਵੇਗਾ। 3. ਰਚਨਾਵਾਂ ਪੇਜ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਐਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ਼ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।